# ਕੋਟਿ ਪਰਾਧ ਮਿਟਹਿ ਜਨ ਸੇਵਾ

## ਇਹੁ ਨਿਧਾਨੁ ਜਪੈ ਮਨਿ ਕੋਇ ॥
## ਸਭ ਜੁਗ ਮਹਿ ਤਾ ਕੀ ਗਤਿ ਹੋਇ ॥

ਇਹ ਪਦਾ ਸ੍ਰੀ ਗੁਰੂ ਅਰਜਨ ਸਾਹਿਬ ਦੀ ਗਉੜੀ ਰਾਗ ਵਿਚ ਉਚਾਰਣ ਕੀਤੀ ਬਾਣੀ, ਸੁਖਮਨੀ ਸਾਹਿਬ ਦੀ ਆਖਰੀ ੨੪ਵੀਂ ਅਸਟਪਦੀ ਦਾ ੭ਵਾਂ ਪਦਾ ਹੈ।

ਸੁਖਮਨੀ ਬਾਣੀ ਦਾ ਕੇਂਦਰੀ ਵਿਸ਼ਾ ਪਰਮਾਤਮਾ ਦੇ ਨਾਮ ਦਾ, ਭਗਤ ਜਨਾਂ ਦੇ ਹਿਰਦੇ ਵਿਚ ਵਾਸਾ ਅਤੇ ਉਸ ਅੰਮ੍ਰਿਤ ਮਈ ਨਾਮ ਦਾ ਸਿਮਰਣ ਹੈ, ਜੋ ਸੁਖਾਂ ਦਾ ਖਜ਼ਾਨਾ ਹੈ। ਇਹ, ਇਸ ਦੀਆਂ 'ਰਹਾਉ' ਦੀਆਂ ਪੰਕਤੀਆਂ ਵਿਚ ਦਸਿਆ ਗਿਆ ਹੈ – 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।। ਭਗਤ ਜਨਾ ਕੈ ਮਨਿ ਬਿਸ੍ਰਾਮ।।' ਇਸ ਪਦੇ ਦੀਆਂ ਇਨ੍ਹਾਂ ਪਹਿਲੀਆਂ ਪੰਕਤੀਆਂ ਵੀ ਇਸੇ ਕੇਂਦਰੀ ਵਿਸ਼ੇ ਬਾਰੇ ਹੀ ਗਲ ਕਰਦੀਆਂ ਹਨ।

– ਇਹ ਨਾਮ ਰੂਪੀ ਕੀਮਤੀ ਖ਼ਜ਼ਾਨਾ ਆਪਣੇ ਮਨ ਵਿਚ ਕੋਈ ਵਿਰਲਾ ਵਿਅਕਤੀ ਜਪ ਕੇ ਪ੍ਰਾਪਤ ਕਰਦਾ ਹੈ। ਇਥੇ ਜਪਣ ਦੇ ਨਾਲ, ਨਾਮ ਖ਼ਜ਼ਾਨੇ ਦੀ ਪ੍ਰਾਪਤੀ ਦੀ ਗਲ ਵੀ ਸ਼ਾਮਲ ਹੈ – 'ਹਰਿ ਰਸੁ ਪਾਵੈ ਬਿਰਲਾ ਕੋਇ।।' ਸ੍ਰੀ ਗੁਰੂ ਅਮਰਦਾਸ ਸਾਹਿਬ ਵੀ, ੨੯ ਪੰਨੇ ਤੇ, ਇੰਞ ਹੀ ਬਚਨ ਕਰਦੇ ਹਨ ਕਿ ਨਾਮ ਦਾ ਖਜ਼ਾਨਾ ਅਮੁਕ ਹੈ, ਕੋਈ ਵਿਰਲਾ, ਵਡੇ ਭਾਗਾਂ ਨਾਲ ਪ੍ਰਾਪਤ ਕਰਦਾ ਹੈ – 'ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ।। ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ।।'

– ਹਰ ਜੁਗ ਵਿਚ ਪ੍ਰਭੂ ਦਾ ਨਾਮ ਜਪਣ ਵਾਲੇ ਮਨੁਖ ਨੂੰ ਪਰਮਗਤੀ ਪ੍ਰਾਪਤ ਹੁੰਦੀ ਹੈ।

ਸ੍ਰੀ ਗੁਰੂ ਅਮਰਦਾਸ ਪਾਤਸ਼ਾਹ ਦਾ, ੬੩੮ ਪੰਨੇ ਤੇ, ਫ਼ੁਰਮਾਣ ਹੈ ਕਿ ਜਿਨ੍ਹਾਂ ਦੇ ਹਿਰਦੇ ਵਿਚ ਨਾਮ ਵਸਿਆ ਹੈ, ਉਹ ਪ੍ਰਭੂ ਦੇ ਦਰ ਤੇ ਸਚਿਆਰ ਹਨ, ਉਨ੍ਹਾਂ ਦੀ ਸੋਭਾ ਹਰ ਜੁਗ ਵਿਚ ਹੁੰਦੀ ਹੈ ਜਿਸ ਨੂੰ ਕੋਈ ਨਹੀਂ ਬਦਲ ਸਕਦਾ – 'ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੈ ਸਚਿਆਰਾ।। ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ।।'

# ਗੁਣ ਗੋਬਿੰਦ ਨਾਮ ਧੁਨਿ ਬਾਣੀ ॥
# ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥

– ਜਿਸ ਮਨੁਖ ਨੂੰ ਨਾਮ ਜਪ ਕੇ ਪਰਮ-ਗਤੀ ਪ੍ਰਾਪਤ ਹੋਈ ਹੁੰਦੀ ਹੈ ਉਸ ਦੇ ਸਧਾਰਣ ਬਚਨ ਵੀ ਵਾਹਿਗੁਰੂ, ਗੋਬਿੰਦ ਦੇ ਗੁਣਾਂ ਦੇ ਨਾਮ ਦੀ ਹੀ ਧੁੰਨੀ ਹੁੰਦੇ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ (ਪੰਨਾ ੩੦੬) ਤੇ ਸ੍ਰੀ ਗੁਰੂ ਅਰਜਨ ਸਾਹਿਬ (ਪੰਨਾ ੩੧੬), ਦੋਹਾਂ ਨੇ ਹੀ ਤਕਰੀਬਨ ਇਕੋ ਜਿਹੇ ਹੀ ਸ਼ਬਦਾਂ ਵਿਚ ਇਹ ਫ਼ੁਰਮਾਣ ਕੀਤਾ ਹੈ ਕਿ ਚਾਰੇ ਵੇਦ ਵੀ ਗੁਰੂ ਸਾਹਿਬਾਨ ਵਾਲੀ ਗਲ ਹੀ ਦਸਦੇ ਹਨ ਕਿ ਭਗਤ ਜਨ ਜੋ ਵੀ ਆਪਣੇ ਮੁਖ ਤੋਂ ਉਚਾਰਦੇ ਹਨ, ਉਹੀ ਨਾਮ/ਬਾਣੀ ਦਾ ਦਰਜਾ ਰਖਦੇ ਹਨ – 'ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ।। ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।।'

– ਸਿਮ੍ਰਿਤੀਆਂ, ਸਾਰੇ ਸ਼ਾਸਤਰ ਤੇ ਵੇਦ ਆਦਿ ਸਾਰੇ ਧਰਮ ਗ੍ਰੰਥ ਇਹੀ ਸਚ ਵਖਾਣ ਕਰਦੇ ਹਨ ।

ਭਾਈ ਗੁਰਦਾਸ ਜੀ ਵੀ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਅਜਿਹਾ ਫ਼ੁਰਮਾਣ ਕਰਦੇ ਹਨ ਕਿ ਮਹਾਰਾਜ ਦੀ ਪਾਤਸ਼ਾਹੀ ਸਦਾ ਕਾਇਮ ਰਹਿਣ ਵਾਲੀ ਹੈ ਅਤੇ ਉਹ ਆਪ ਹੀ ਹਾਜ਼ਰ ਨਾਜ਼ਰ ਵੇਦ, ਭਾਵ ਧਰਮ ਗ੍ਰੰਥ ਹਨ – 'ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ।।' ਵਾਰ ੨੪:੩. ਇਹ ਪੰਕਤੀ ਹਰ ਪ੍ਰਵਾਨਤ ਮਹਾਤਮਾ ਤੇ ਲਾਗੂ ਹੈ। ਗਿਆਨ ਵਰਧਕ ਮਹਾਤਮਾ ਆਪ ਹੀ ਹਾਜ਼ਰ ਨਾਜ਼ਰ ਵੇਦ ਕਿਤਾਬਾ ਹੁੰਦਾ ਹੈ। ਭਗਤ ਸਾਹਿਬਾਨ ਸਾਡੇ ਸਾਹਮਣੇ ਮਿਸਾਲਾਂ ਹਨ। ਸ਼ੂਦਰ ਜਾਤ ਦੇ ਹੋਣ ਕਰਕੇ ਉਨ੍ਹਾਂ ਦੀ ਪਹੁੰਚ ਧਰਮ ਗ੍ਰੰਥਾਂ ਤਕ ਨਹੀਂ ਸੀ। ਉਨ੍ਹਾਂ ਨੂੰ ਸਿਮਰਣ ਅਤੇ ਸਾਧੂ ਸੰਗਤਿ ਕਰਕੇ ਹੀ ਗਿਆਨ ਦੀ ਪ੍ਰਾਪਤੀ ਸੀ, ਜਿਥੋਂ ਉਨ੍ਹਾਂ ਨੇ ਇਤਨਾ ਗਿਆਨ ਵੰਡਿਆ। ਪ੍ਰਭੂ ਦਾ ਸਿਮਰਨ ਅਸਲ ਗਿਆਨ ਦਾ ਸੋਮਾ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ੪੯੦ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਹਰੀ ਦਾ ਸਿਮਰਣ ਹੀ ਮੇਰੇ ਲਈ ਸਾਰੇ ਧਰਮ ਗ੍ਰੰਥ ਹੈ, ਉਹੀ ਮੇਰਾ ਰਿਸ਼ਤੇਦਾਰ ਹੈ, ਉਸੇ ਦੇ ਨਾਮ ਦੀ ਹੀ ਮੈਂਨੂੰ ਭੁਖ ਲਗਦੀ ਹੈ – 'ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ।। ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ।।' ਭਗਤ ਕਬੀਰ ਜੀ ਤਾਂ ਪੰਡਤ

ਨੂੰ ਸਾਫ਼ ਕਹਿ ਦਿਤਾ ਕਿ ਤੂੰ ਤਾਂ ਗਾਇਤਰੀ ਅਤੇ ਵੇਦ ਆਦਿਕ ਧਰਮ ਗ੍ਰੰਥਾਂ ਨੂੰ ਫ਼ਰੋਲਦਾ ਪੜ੍ਹਦਾ ਰਹਿੰਦਾ ਹੈਂ ਪਰ ਸਾਡੇ ਤਾਂ ਹਿਰਦੇ ਵਿਚ ਹੀ ਗੋਬਿੰਦ ਵਸਦਾ ਹੈ, ਸਾਨੂੰ ਅਜਿਹੀ ਲੋੜ ਹੀ ਨਹੀਂ – 'ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ।।', ਪੰਨਾ ੪੮੨. ਇਹ ਵਰਤਾਰਾ ਅਜ ਵੀ ਵਰਤਦਾ ਹੈ। ਸਿਮਰਣ ਵਿਚ ਖੁਭੀ ਰੂਹ ਨੂੰ ਗ੍ਰੰਥ ਫ਼ੋਲਣ ਦੀ ਲੋੜ ਨਹੀਂ ਹੁੰਦੀ, ਉਸ ਦੇ ਸਾਹਮਣੇ ਗ੍ਰੰਥ ਆਪੇ ਖੁਲ ਜਾਂਦੇ ਹਨ। ਗਿਆਨ ਸਾਹਮਣੇ ਆ ਕੇ ਖੜਾ ਹੋ ਜਾਂਦਾ ਹੈ, ਜਿਵੇਂ ਟੀ ਵੀ ਤੇ ਖਬਰਾਂ ਪੜ੍ਹਣ ਵਾਲੇ ਦੇ ਸਾਹਮਣੇ ਸਭ ਕੁਝ ਲਿਖਿਆ ਘੁੰਮਦਾ ਰਹਿੰਦਾ ਹੈ, ਉਹ ਬਸ ਦੇਖ ਕੇ ਪੜ੍ਹੀ ਜਾਂਦਾ ਹੈ।

## ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥
## ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥

– ਸਾਧੂ ਦੀ ਸੰਗਤਿ ਕਰਣ ਦੇ ਨਾਲ ਕਰੋੜਾਂ ਗੁਨਾਹ ਕੀਤੇ, ਮਿਟ ਜਾਂਦੇ ਹਨ।

ਸ੍ਰੀ ਗੁਰੂ ਅਰਜਨ ਸਾਹਿਬ ੬੧੦ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਭਗਤ ਜਨ ਦੀ ਸੇਵਾ ਨਾਲ ਕਰੋੜਾਂ ਪਾਪ ਮਿਟ ਜਾਂਦੇ ਹਨ ਅਤੇ ਨਾਮ ਵਿਚ ਰਸ ਆ ਜਾਂਦਾ ਹੈ – 'ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸੁ ਗਾਈਐ।।'

– ਸੰਤ ਦੀ ਕਿਰਪਾ ਸਦਕਾ ਸਾਰੇ ਗੁਨਾਹ, ਪਾਪ ਮਿਟ ਜਾਣ ਕਰਕੇ, ਜਮਾਂ ਦੇ ਵਸ ਨਹੀਂ ਪੈਣਾ ਪੈਂਦਾ, ਭਾਵ ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦਾ ਹੈ।

ਸੁਖਮਨੀ ਸਾਹਿਬ ਵਿਚ ਹੀ ਅੰਕਿਤ ਹੈ ਕਿ ਜੇ ਜਨਮ ਮਰਨ ਤੋਂ ਡਰ ਲਗਦਾ ਹੋਵੇ ਤਾਂ ਸੰਤ ਜਨਾਂ ਦੀ ਸ਼ਰਣ ਲੈਣੀ ਚਾਹੀਦੀ ਹੈ – 'ਜੇ ਕੋ ਜਨਮ ਮਰਣ ਤੇ ਡਰੈ।। ਸਾਧ ਜਨਾ ਕੀ ਸਰਨੀ ਪਰੈ।।' ਪਾਤਸ਼ਾਹ, ੬੧੦ ਪੰਨੇ ਤੇ ਵੀ ਫ਼ੁਰਮਾਣ ਕਰਦੇ ਹਨ ਕਿ ਸੰਤ ਜਨਾਂ ਤੋਂ ਬਿਨਾਂ ਹੋਰ ਕੋਈ ਦਾਤਾ ਨਹੀਂ ਹੁੰਦਾ। ਜੋ ਕੋਈ ਵੀ ਸਾਧੂ ਦੀ ਸਰਣੀ ਪੈਂਦਾ ਹੈ ਉਹ ਉਸਨੂੰ ਭਵ ਜਲ ਸੰਸਾਰ ਸਾਗਰ ਤੋਂ ਪਾਰ ਕਰ ਦਿੰਦਾ ਹੈ – 'ਸੰਤਨ ਬਿਨੁ ਅਵਰੁ ਨ ਦਾਤਾ ਬੀਆ।। ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ।।' ਪਰ – 'ਜਨ ਕਾ ਸੰਗੁ ਵਡਭਾਗੀ ਪਾਈਐ।।'

# ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥
# ਸਾਧ ਸਰਣਿ ਨਾਨਕ ਤੇ ਆਏ ॥੭॥

– ਪ੍ਰਭੂ ਨੇ ਜਿਸਦੇ ਮਥੇ ਤੇ ਇਸ ਬਖਸ਼ਿਸ਼ ਦੇ ਲੇਖ ਲਿਖੇ ਹੁੰਦੇ ਹਨ, – ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਉਹੀ ਜਨ ਸਾਧੂ ਜਨਾਂ ਦੀ ਸੰਗਤਿ ਵਿਚ ਆਉਂਦੇ ਹਨ।

ਕਬੀਰ ਸਾਹਿਬ, ੧੩੭੬ ਪੰਨੇ ਤੇ ਸਾਫ਼ ਨਿਰਣਾ ਦਸਦੇ ਹਨ ਕਿ ਸਾਧੂ ਜਨ ਦੀ ਪ੍ਰਾਪਤੀ ਉਸੇ ਜਨ ਨੂੰ ਹੁੰਦੀ ਹੈ ਜਿਸਦੇ ਮਥੇ ਤੇ ਧੁਰ ਤੋਂ ਭਾਗ ਲਿਖੇ ਹੋਣ। ਅਤੇ ਉਹੀ, ਬਿਨਾਂ ਰੁਕਾਵਟ, ਮੁਕਤ ਪਦਾਰਥ ਪਾ ਲੈਂਦਾ ਹੈ – 'ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ।। ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ।। ੨੩੧।।' ਸ੍ਰੀ ਗੁਰੂ ਰਾਮਦਾਸ ਸਾਹਿਬ, ੧੨੬੩ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਹੇ ਮੇਰੇ ਸੁਆਮੀ ਜਿਤਨੀ ਤੇਰੀ ਭਗਤੀ ਕਰਣ ਵਾਲਿਆਂ ਦੀ ਸ੍ਰਿਸ਼ਟੀ ਹੈ, ਸਾਰੀ ਤੇਰੇ ਸਾਧੂ ਦੇ ਚਰਨਾਂ ਦੀ ਧੂੜ ਲੋਚਦੀ ਹੈ। ਪਰ ਉਨ੍ਹਾਂ ਨੂੰ ਸਾਧੂ ਦੀ ਧੂੜ ਦੇ ਕੇ ਪਾਰ ਲੰਘਾਇਆ ਜਾਂਦਾ ਹੈ ਜਿਨ੍ਹਾਂ ਦੇ ਮਸਤਕ ਤੇ ਭਾਗ ਲਿਖਿਆ ਹੁੰਦਾ ਹੈ – 'ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ।। ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰ ਲੰਘਾਈ।।'

Last modified: 4:53 am